*Waheguru Ji Ka Khalsa,*
*Waheguru Ji Ki Fateh*

*Today's Hukamnama* *Monday 16-03-2026*

ਸੋਰਠਿ ਮਹਲਾ ੫ ॥
Sorat'h, Fifth Mehl:

ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥
The Supreme Lord God has established that home, in which He comes to mind.
ਜਿਥੇ ਪਰਮ ਪ੍ਰਭੂ ਦਾ ਆਰਾਧਨ ਕੀਤਾ ਜਾਂਦਾ ਹੈ, ਉਸ ਧਾਮ (ਘਰ) ਨੂੰ ਪ੍ਰਭੂ ਪ੍ਰਫੁੱਲਤ ਕਰ ਦਿੰਦਾ ਹੈ।

ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥
I found the Guru, the ocean of peace, and all my doubts were dispelled. ||1||
ਜਦ ਮੈਂ ਆਰਾਮ ਦੇ ਸਮੁੰਦਰ ਗੁਰਦੇਵ ਜੀ ਨੂੰ ਪਾ ਲਿਆ, ਤਦ ਮੇਰੇ ਸਾਰੇ ਸੰਦੇਹ ਦੂਰ ਹੋ ਗਏ।

ਹਰਿ ਕੇ ਨਾਮ ਕੀ ਵਡਿਆਈ ॥
This is the glorious greatness of the Naam.
ਬਜ਼ੁਰਗੀ ਵਾਹਿਗੁਰੂ ਦੇ ਨਾਮ ਵਿੱਚ ਹੈ।

ਆਠ ਪਹਰ ਗੁਣ ਗਾਈ ॥
Twenty-four hours a day, I sing His Glorious Praises.
ਦਿਨ ਰਾਤ ਮੈਂ ਪ੍ਰਭੂ ਦੀ ਕੀਰਤੀ ਗਾਇਨ ਕਰਦਾ ਹੈ।

ਗੁਰ ਪੂਰੇ ਤੇ ਪਾਈ ॥ ਰਹਾਉ ॥

I obtained this from the Perfect Guru. ||Pause||
ਇਹ ਦਾਤ ਮੈਨੂੰ ਪੂਰਨ ਗੁਰਾਂ ਪਾਸੋਂ ਪ੍ਰਾਪਤ ਹੋਈ ਹੈ।

ਪ੍ਰਭ ਕੀ ਅਕਥ ਕਹਾਣੀ ॥

God's sermon is inexpressible.
ਅਕਹਿ ਹੈ ਸੁਆਮੀ ਦੀ ਕਥਾ-ਵਾਰਤਾ।

ਜਨ ਬੋਲਹਿ ਅੰਮ੍ਰਿਤ ਬਾਣੀ ॥

His humble servants speak words of Ambrosial Nectar.
ਸਾਈਂ ਦੇ ਸੇਵਕ ਅੰਮ੍ਰਿਤਮਈ ਗੁਰਬਾਣੀ ਦਾ ਉਚਾਰਨ ਕਰਦੇ ਹਨ।

ਨਾਨਕ ਦਾਸ ਵਖਾਣੀ ॥

Slave Nanak has spoken.
ਸਾਹਿਬ ਦੇ ਗੋਲੇ ਨਾਨਕ ਨੇ ਇਸ ਨੂੰ ਉਚਾਰਨ ਕੀਤਾ ਹੈ।

ਗੁਰ ਪੂਰੇ ਤੇ ਜਾਣੀ ॥੨॥੨॥੬੬॥

Through the Perfect Guru, it is known. ||2||2||66||
ਪੂਰਨ ਗੁਰਾਂ ਦੇ ਰਾਹੀਂ ਇਹ ਅਨੁਭਵ ਕੀਤੀ ਜਾਂਦੀ ਹੈ।

ਅੰਗ ੬੨੫